# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਵੱਲ
ਸਮੂਹ ਪ੍ਰਿੰਸੀਪਲ/ਮੁੱਖਅਧਿਆਪਕ
ਸਸਸਸ/ਸਹਸ
ਲੁਧਿਆਣਾ ।

ਪੱਤਰ ਨੰ:ਜਿ.ਗ.-2024/135 ਮਿਤੀ. 13-12-2024

**ਵਿਸ਼ਾ- ਵਿੱਤੀ ਸਾਲ 2024-25 ਲਈ Eds -61 Guidance and counselling ਅਧੀਨ ਗਰਾਂਟ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਸਾਲ 2024-25 ਦੌਰਾਨ Guidance and counselling ਅਧੀਨ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਸਾਰੇ ਸੀਨੀ.ਸੈਕੰਡਰੀ ਅਤੇ ਹਾਈ ਸਕੂਲਾਂ ਨੂੰ 5006 ਰੁ:ਪ੍ਰਤੀ ਸਕੂਲ ਗਰਾਂਟ ਜਾਰੀ ਕੀਤੀ ਜਾਂਦੀ ਹੈ ।

1. ਸਾਰੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਵਿੱਚ ਬਣੇ ਗਾਈਡੈਂਸ ਐਂਡ ਕਾਉਸਲਿੰਗ ਕਾਰਨਰ/ਰੂਮ ਨੂੰ ਅਪਡੇਟ ਕੀਤਾ ਜਾਵੇ।ਜੇਕਰ ਕਿਸੇ ਸਕੂਲ ਵਿੱਚ ਗਾਈਡੈਂਸ ਕਾਰਨਰ ਨਹੀ ਬਣਿਆ ਤਾਂ ਬਣਾਇਆ ਜਾਵੇ।
2. ਗਾਈਡੈਂਸ ਕਾਰਨਰ ਵਿੱਚ 9 ਵੀਂ ਤੋਂ 12 ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕਿੱਤਾ ਮੁੱਖੀ ਕੋਰਸਾ ਤੋਂ ਰੂਬਰੂ ਕਰਵਾਉਣ ਲਈ ਲਗਾਏ ਗਏ ਨੋਟਿਸ ਬੋਰਡ ਉੱਤੇ ਵੱਖ-ਵੱਖ ਕਿੱਤੇ ਅਤੇ ਉਸ ਨਾਲ ਸਬੰਧਿਤ ਕੋਰਸਾ ਦੀ ਜਾਣਕਾਰੀ ਅਪਡੇਟ ਕੀਤੀ ਜਾਵੇ।
3.ਬਾਰ੍ਹਵੀਂ ਜਮਾਤ ਤੋਂ ਬਾਅਦ ਕੀਤੇ ਜਾਣ ਵਾਲੇ ਕੋਰਸਾਂ ਸਬੰਧੀ ਫਲੈਕਸ ਗਾਈਡੈਂਸ ਕਾਰਨਰ ਦੇ ਬਾਹਰ ਲਗਾਈ ਜਾਵੇ।ਇਸ ਦੇ ਨਾਲ ਇੱਕ ਵੱਖਰੀ ਫਲੈਕਸ ਵੀ ਤਿਆਰ ਕੀਤੀ ਜਾਵੇ ਕਿ ਕਿਸ ਕਿੱਤੇ ਨੂੰ ਅਪਨਾਉਣ ਲਈ ਕਿਹੜੀ ਸਟਰੀਮ/ਕੋਰਸ ਦਾ ਇਮਤਿਹਾਨ ਪਾਸ ਕਰਨਾ ਜਰੂਰੀ ਹੈ।
4.ਨਵੇਂ ਕਿੱਤਾ ਮੁਖੀ ਕੋਰਸ ਦੇ Broachers ਗਾਈਡੈਂਸ ਕਾਰਨਰ ਵਿੱਚ ਰੱਖੇ ਜਾਣ।
5. ਗਾਈਡੈਂਸ ਕਾਰਨਰ ਵਿੱਚ ਗਾਈਡੈਂਸ ਕੌਂਸਲਰ ਵੱਲੋਂ Psychological, Physical Scholastic ਪੱਖੋ ਕਮਜੋਰ ਵਿਦਿ: ਦੀ ਕਾਉਸਲਿੰਗ ਕੀਤੀ ਜਾਵੇ।
6. ਗਾਈਡੈਂਸ ਕਾਰਨਰ ਵਿੱਚ ਵੱਖ-ਵੱਖ ਪ੍ਰਸਿੱਧ ਹਸਤੀਆਂ ਦੀਆਂ ਤਸਵੀਰਾਂ ਲਗਾਈਆਂ ਜਾਣ ,ਜਿੰਨਾਂ ਵੱਲੋ ਸੰਘਰਸ਼ ਕਰਦੇ ਹੋਏ ਉੱਚੇ ਮੁਕਾਮ ਹਾਸਿਲ ਕੀਤੇ ਹੋਣ।
7. ਗਾਈਡੈਂਸ ਕਾਰਨਰ ਵਿੱਚ ਰੋਜਗਾਰ ਸਮਾਚਾਰ ਰੱਖੇ ਜਾਣ ਅਤੇ ਕੈਰੀਅਰ ਸਬੰਧੀ ਜਾਣਕਾਰੀ ਨੋਟਿਸ ਬੋਰਡ ਤੇ ਵੀ ਲਗਾਈ ਜਾਵੇ।
8. ਗਾਈਡੈਂਸ ਕਾਰਨਰ ਵਿੱਚ ਕੈਰੀਅਰ ਗਾਈਡੈਂਸ ਸਬੰਧੀ ਸਲੋਗਨ ਵੀ ਲਿਖੇ ਜਾਣ।
9. ਸਕੂਲ ਮੁਖੀ ਵੱਲੋ ਯਕੀਨੀ ਬਣਾਇਆ ਜਾਵੇ ਕਿ ਉਕਤ ਗਰਾਂਟ ਸਿਰਫ ਗਾਈਡੈਂਸ ਕਾਰਨਰ ਲਈ ਹੀ ਵਰਤੀ ਜਾਵੇ।ਜੇਕਰ ਕਿਸੇ ਸਕੂਲ ਵਿੱਚ ਪਹਿਲਾਂ ਹੀ ਗਾਈਡੈਂਸ ਕਾਰਨਰ /ਰੂਮ ਬਣਿਆ ਹੈ ਤਾਂ ਉਕਤ ਗਰਾਂਟ ਨਾਲ ਇਸ ਰੂਮ/ਕਰਾਨਰ ਨੂੰ ਅਪਡੇਟ ਕੀਤਾ ਜਾਵੇ ਅਤੇ ਵਿਦਿਆਰਥੀਆਂ ਦੀ ਲੋੜ ਅਨੁਸਾਰ ਰਿਸੋਰਸ ਮਟੀਰੀਅਲ ਵੀ ਰੱਖਿਆ ਜਾਵੇ।
10. Guidance and counselling ਅਧੀਨ ਜਾਰੀ ਗਰਾਂਟ ਦੀ ਵਰਤੋ ਉਕਤ ਗਾਈਡ ਲਾਈਨਜ ਦੇ ਮੱਦੇਨਜਰ ਵਿੱਤੀ ਨਿਯਮਾਂ ਅਨੁਸਾਰ ਖਰਚ ਕਰਨ ਦੀ ਜਿੰਮੇਵਾਰੀ . ਗਾਈਡੈਂਸ ਐਂਡ ਕੈਰੀਅਰ ਅਧਿਆਪਕ ਦੀ ਹੋਵੇਗੀ।
11.ਉਕਤ ਜਾਰੀ ਗਰਾਂਟ 31 ਦਸੰਬਰ 2024 ਤੱਕ ਖਰਚ ਕਰਨੀ ਯਕੀਨੀ ਬਣਾਈ ਜਾਵੇ।
12. ਸਕੂਲ ਵੱਲੋ ਗਰਾਂਟ ਖਰਚਣ ਉਪਰੰਤ ਵਰਤੋਂ ਸਰਟੀਫਿਕੇਟ ਜਿਲ੍ਹਾ ਸਿੱਖਿਆ ਦਫਤਰ ਵਿਖੇ ਈ.ਮੇਲ dgcldh@gmail.com 15 ਜਨਵਰੀ 2025 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਉਕਤ ਰਕਮ ਦਾ ਖਰਚਾ ਲੇਖਾ ਦੀ ਮੱਦ 2202-General Education -02 Sec education 04 Teacher and other service 01-guidance and counselling -99-soe-16.18(100% state) ਅਤੇ 2202 general education -02 sec education-789 special component plan for schedule cost-40 guidance and counselling 99-soe-16.18(100%state) ਅਧੀਨ ਵਿੱਤੀ ਸਾਲ 2024-25 ਦੌਰਾਨ ਕੀਤਾ ਜਾਵੇ।

ਜਿਲ੍ਹਾ ਗਾਈਡੈਂਸ ਕਾਉਂਸਲਰ
ਲੁਧਿਆਣਾ 13/12/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਲੁਧਿਆਣਾ

Scanned with CamScanner